THE EDUCATION STATE

SCHOOLS

# ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ ਸੁਨੇਹਾ

## ਮੈਲਬੋਰਨ ਮਹਾਂਨਗਰ ਅਤੇ ਮਿੱਚਲ ਸ਼ਾਇਰ ਵਿੱਚਲੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਸੁਨੇਹਾ

ਪਿਆਰੇ ਮਾਪਿਓ ਅਤੇ ਸੰਭਾਲ ਕਰਨ ਵਾਲਿਓ,

ਜਿਵੇਂ ਕਿ ਤੁਸੀਂ ਜਾਣਦੇ ਹੀ ਹੋਵੋਗੇ, ਵਿਕਟੋਰੀਆ ਦੀ ਸਰਕਾਰ ਨੇ ਵਿਕਟੋਰੀਆ ਵਿੱਚਲੇ ਸਕੂਲਾਂ ਦੀ ਟਰਮ 3 ਦੇ ਪ੍ਰਬੰਧਾਂ ਦੇ ਸਬੰਧ ਵਿੱਚ ਕੁਝ ਅਹਿਮ ਐਲਾਨ ਕੀਤੇ ਹਨ।

ਵਿਕਟੋਰੀਆ ਦੇ ਮੁੱਖ ਸਿਹਤ ਅਫਸਰ ਦੀ ਸਲਾਹ ਦੇ ਆਧਾਰ ਤੇ, ਮੈਲਬੋਰਨ ਮਹਾਂਨਗਰ ਅਤੇ ਮਿੱਚਲ ਸ਼ਾਇਰ ਅੰਦਰ ਸਥਿੱਤ ਸਰਕਾਰੀ ਸਕੂਲਾਂ ਵਿੱਚ ਟਰਮ 3 ਦੇ ਪਹਿਲੇ ਹਫਤੇ ਲਈ ਹੇਠ ਲਿਖੇ ਅਨੁਸਾਰ ਵਿਸ਼ੇਸ਼ ਪ੍ਰਬੰਧ ਹੋਣਗੇ। ਇਸ ਤੋਂ ਬਾਅਦ ਸਕੂਲ ਦੂਸਰੇ ਹਫਤੇ ਦੇ ਸ਼ੁਰੂ ਤੋਂ ਪਰੈਪ ਤੋਂ ਲੈ ਕੇ 10ਵੀਂ ਤੱਕ ਦੇ ਵਿਦਿਆਰਥੀਆਂ ਵਾਸਤੇ ਦੂਰੋਂ ਬੈਠ ਕੇ ਅਤੇ ਲਚਕੀਲੀ ਸਿੱਖਿਆ ਸ਼ੁਰੂ ਕਰਨਗੇ।

ਇੱਥੇ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਮੁੱਖ ਸਿਹਤ ਅਫਸਰ ਦੀ ਸਲਾਹ ਇਹ ਹੈ ਕਿ ਸਕੂਲ ਲਗਾਤਾਰ ਚੱਲਦੇ ਰਹਿ ਸਕਦੇ ਹਨ। ਵਿਕਟੋਰੀਆ ਦੇ ਮੁੱਖ ਸਿਹਤ ਅਫਸਰ ਨੇ ਸਿਹਤ ਪਾਬੰਦੀਆਂ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸਲਾਹ ਵੀ ਦਿੱਤੀ ਹੈ ਜੋ ਕਿ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਕਰਨੇ ਚਾਹੀਦੇ ਹਨ, ਅਤੇ ਅਸੀਂ ਇਹਨਾਂ ਦੀ ਪਾਲਣਾ ਕਰਾਂਗੇ।

ਕਰੋਨਾਵਾਇਰਸ (COVID-19) ਦੇ ਫੈਲਾਅ ਨੂੰ ਘਟਾਉਣ ਵਾਸਤੇ ਇਹਨਾਂ ਬਦਲੇ ਹੋਏ ਪ੍ਰਬੰਧਾਂ ਦਾ ਉਦੇਸ਼ ਮੈਲਬੋਰਨ ਮਹਾਂਨਗਰ ਅਤੇ ਮਿੱਚਲ ਸ਼ਾਇਰ ਦੇ ਅੰਦਰ ਇਹਨਾਂ ਵਿਦਿਆਰਥੀਆਂ – ਅਤੇ ਉਹਨਾਂ ਦੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ - ਦੀ ਗਿਣਤੀ ਨੂੰ ਘਟਾਉਣਾ ਹੈ।

ਫਿਰ ਵੀ, ਇਹ ਮਹੱਤਵਪੂਰਣ ਹੈ ਕਿ ਕੁਝ ਵਿਦਿਆਰਥੀਆਂ ਲਈ ਆਹਮੋ-ਸਾਹਮਣੇ ਦੀ ਪੜ੍ਹਾਈ ਨੂੰ ਜਾਰੀ ਰੱਖਿਆ ਜਾਵੇ। ਇਹਨਾਂ ਵਿੱਚ 11ਵੀਂ ਅਤੇ 12ਵੀਂ ਦੀਆਂ ਜਮਾਤਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਸ਼ਾਮਲ ਹਨ (ਅਤੇ 10ਵੀਂ ਜਮਾਤ ਦੇ ਵਿਦਿਆਰਥੀ ਜੋ ਆਪਣੀ ਪੜ੍ਹਾਈ ਦੇ ਪ੍ਰੋਗਰਾਮਾਂ ਵਿੱਚ VCE ਜਾਂ VCAL ਦੇ ਵਿਸ਼ਿਆਂ ਦੀ ਪੜ੍ਹਾਈ ਕਰ ਰਹੇ ਹਨ) ਕਿਉਂਕਿ ਸਾਰੇ ਵਿਦਿਆਰਥੀਆਂ ਨੂੰ ਇਸ ਯੋਗ ਬਨਾਉਣਾ ਹੈ ਕਿ ਉਹ ਆਪਣੇ VCE ਜਾਂ VCAL ਦੇ ਸੀਨੀਅਰ ਸੈਕੰਡਰੀ ਸਰਟੀਫਿਕੇਟ ਨੂੰ ਜਾਰੀ ਰੱਖ ਸਕਣ ਜਾਂ ਪੂਰਾ ਕਰ ਸਕਣ।

ਇਹ ਮਹੱਤਵਪੂਰਣ ਹੈ ਕਿ ਮਾਹਰ ਸਕੂਲਾਂ ਦੇ ਵਿਦਿਆਰਥੀਆਂ ਨੂੰ ਉਹਨਾਂ ਸਕੂਲਾਂ ਦੇ ਵਿੱਚ ਆਹਮੋ-ਸਾਹਮਣੇ ਦੀ ਪੜ੍ਹਾਈ ਦੇ ਪ੍ਰਬੰਧਾਂ ਨਾਲ ਅਧਿਆਪਕਾਂ ਦੀ ਨਿਪੁੰਨਤਾ ਵਾਲੀ ਅਤੇ ਸਹਿਯੋਗੀ ਕਰਮਚਾਰੀਆਂ ਤੱਕ ਪਹੁੰਚ ਹੋਵੇ। ਸਾਨੂੰ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਨ ਦੀ ਵੀ ਲੋੜ ਹੈ, ਜਿੱਥੇ ਮਾਪੇ ਅਤੇ ਸੰਭਾਲ ਕਰਨ ਵਾਲੇ ਘਰੋਂ ਕੰਮ ਨਹੀਂ ਕਰ ਸਕਦੇ ਹਨ, ਅਤੇ ਕਈਆਂ ਦੂਸਰਿਆਂ ਨੂੰ ਸਕੂਲ ਵਿੱਚ ਨਿਗਰਾਨੀ ਵਾਲੀ ਸਹਾਇਤਾ ਦੀ ਲੋੜ ਹੁੰਦੀ ਹੈ।



VICTORIA State Government | Education and Training

ਹੋਰ ਜ਼ਿਆਦਾ ਭਰੋਸਾ ਪ੍ਰਦਾਨ ਕਰਨ ਲਈ, ਸਾਡੇ ਸਕੂਲ ਦੇ ਸਮੇਤ, ਮੈਲਬੋਰਨ ਮਹਾਂਨਗਰ ਅਤੇ ਮਿੱਚਲ ਸ਼ਾਇਰ ਅੰਦਰ ਸਥਿੱਤ ਦੂਸਰੇ ਸਾਰੇ ਸਰਕਾਰੀ ਸਕੂਲ ਦਿਨ ਦੇ ਸ਼ੁਰੂ ਹੋਣ ਦੇ ਸਮੇਂ ਸਾਰੇ ਵਿਦਿਆਰਥੀਆਂ ਦੇ ਤਾਪਮਾਨ ਦੀ ਜਾਂਚ ਕਰਨਗੇ। ਜੇ ਤੁਹਾਡੇ ਬੱਚੇ ਨੂੰ ਬੁਖਾਰ ਹੈ, ਤਾਂ ਤੁਹਾਨੂੰ ਆਪਣੇ ਬੱਚੇ ਨੂੰ ਸਕੂਲ ਵਿੱਚੋਂ ਲੈ ਜਾਣ ਲਈ ਕਿਹਾ ਜਾਵੇਗਾ।

ਨਵੇਂ ਪ੍ਰਬੰਧ ਹੇਠ ਲਿਖੇ ਵੇਰਵੇ ਵਿੱਚ ਦਰਸਾਏ ਹਏ ਹਨ।

**ਸੋਮਵਾਰ 13 - ਸ਼ੁੱਕਰਵਾਰ 17 ਜੁਲਾਈ**

11ਵੀਂ ਅਤੇ 12ਵੀਂ ਦੀਆਂ ਜਮਾਤਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ, 10ਵੀਂ ਜਮਾਤ ਦੇ ਵਿਦਿਆਰਥੀ ਜੋ VCE ਜਾਂ VCAL ਦੇ ਵਿਸ਼ਿਆਂ ਦੀ ਪੜ੍ਹਾਈ ਕਰ ਰਹੇ ਹਨ, ਅਤੇ ਮਾਹਰ ਸਕੂਲਾਂ ਵਿੱਚ ਦਾਖਲ ਵਿਦਿਆਰਥੀ ਸੋਮਵਾਰ 13 ਜੁਲਾਈ ਤੋਂ ਸਕੂਲ ਵਾਪਸ ਆਉਣਗੇ।

ਪਰੈਪ ਤੋਂ ਲੈ ਕੇ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸੋਮਵਾਰ 13 – ਸ਼ੁੱਕਰਵਾਰ 17 ਜੁਲਾਈ ਦੇ ਦਿਨ ਵਿਦਿਆਰਥੀਆਂ ਤੋਂ ਬਿਨਾਂ ਹੋਣਗੇ। ਵਿਦਿਆਰਥੀਆਂ ਤੋਂ ਬਿਨਾਂ ਇਹ ਦਿਨ ਸਾਡੇ ਕਰਮਚਾਰੀਆਂ ਨੂੰ ਸੋਮਵਾਰ 20 ਜੁਲਾਈ ਤੋਂ ਦੂਰੋਂ ਬੈਠ ਕੇ ਅਤੇ ਲਚਕੀਲੀ ਪੜ੍ਹਾਈ ਵੱਲ ਬਦਲਣ ਲਈ ਤਿਆਰੀ ਕਰਨ ਵਿੱਚ ਸਹਾਇਤਾ ਕਰਨਗੇ।

ਜਿੰਨ੍ਹਾਂ ਵਿਦਿਆਰਥੀਆਂ ਨੂੰ ਇਸ ਹਫਤੇ ਦੇ ਦੌਰਾਨ ਇਸ ਦੀ ਲੋੜ ਹੈ, ਅਸੀਂ ਸਕੂਲ ਵਿੱਚ ਨਿਗਰਾਨੀ ਵਾਲਾ ਪ੍ਰੋਗਰਾਮ ਪ੍ਰਦਾਨ ਕਰਾਂਗੇ। ਇਹ ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਹੈ ਜਿੱਥੇ ਮਾਪੇ/ਸੰਭਾਲ ਕਰਨ ਵਾਲੇ ਘਰੋਂ ਕੰਮ ਨਹੀਂ ਕਰ ਸਕਦੇ ਅਤੇ ਕੋਈ ਦੂਸਰੇ ਪ੍ਰਬੰਧ ਨਹੀਂ ਕੀਤੇ ਜਾ ਸਕਦੇ ਅਤੇ ਨਿਤਾਣੇ ਵਿਦਿਆਰਥੀ ਲਈ।

ਜੇ ਤੁਹਾਨੂੰ ਇਸ ਪ੍ਰੋਗਰਾਮ ਦੀ ਲੋੜ ਹੈ, ਸਾਡੀ ਯੋਜਨਾ ਵਿੱਚ ਸਹਿਯੋਗ ਕਰਨ ਲਈ, ਕਿਰਪਾ ਕਰਕੇ ਆਪਣੇ ਸਕੂਲ ਨਾਲ ਸੰਪਰਕ ਕਰੋ।

ਇਹੋ ਜਿਹੇ ਪ੍ਰਬੰਧ ਮੈਲਬੋਰਨ ਮਹਾਂਨਗਰ ਅਤੇ ਮਿੱਚਲ ਸ਼ਾਇਰ ਅੰਦਰ ਸਥਿੱਤ ਸਾਰੇ ਸਕੂਲਾਂ ਦੇ ਵਿੱਚ ਉਪਲਬਧ ਹੋਣਗੇ।

**ਸੋਮਵਾਰ 20 ਜੁਲਾਈ ਤੋਂ ਅੱਗੇ**

ਸੋਮਵਾਰ 20 ਜੁਲਾਈ ਤੋਂ, ਸਾਡਾ ਸਕੂਲ ਦੂਰੋਂ ਬੈਠ ਕੇ ਅਤੇ ਲਚਕੀਲੀ ਪੜ੍ਹਾਈ ਵੱਲ ਨੂੰ ਜਾਵੇਗਾ। ਇਹ ਪ੍ਰਬੰਧ ਹੇਠ ਲਿਖਿਆਂ ਨੂੰ ਛੱਡ ਕੇ ਸਾਰੇ ਵਿਦਿਆਰਥੀਆਂ ਲਈ ਹੋਣਗੇ:

- 11ਵੀਂ ਅਤੇ 12ਵੀਂ ਦੀਆਂ ਜਮਾਤਾਂ ਦੇ ਵਿਦਿਆਰਥੀ ਅਤੇ 10ਵੀਂ ਜਮਾਤ ਦੇ ਵਿਦਿਆਰਥੀ ਆਪਣੇ VCE ਜਾਂ VCAL ਪ੍ਰੋਗਰਾਮਾਂ ਲਈ
- ਮਾਹਰ ਸਕੂਲਾਂ ਵਿੱਚ ਦਾਖਲ ਵਿਦਿਆਰਥੀ

ਹੇਠ ਲਿਖੇ ਵਿਦਿਆਰਥੀ ਸਕੂਲ ਵਿੱਚ ਨਿਗਰਾਨੀ ਲਈ ਸਕੂਲ ਵਿੱਚ ਹਾਜ਼ਰ ਹੋ ਸਕਦੇ ਹਨ, ਪਰ ਉਹ ਦੂਰੋਂ ਬੈਠ ਕੇ ਪੜ੍ਹਨ ਵਾਲੇ ਪ੍ਰੋਗਰਾਮ ਦੇ ਅਧੀਨ ਪੜ੍ਹਣਗੇ:

- ਮਾਪਿਆਂ/ਸੰਭਾਲ ਕਰਨ ਵਾਲਿਆਂ ਦੇ ਬੱਚੇ ਜੋ ਘਰ ਵਿੱਚ ਬੱਚਿਆਂ ਦੀ ਨਿਗਰਾਨੀ ਦੇ ਢੁੱਕਵੇਂ ਪ੍ਰਬੰਧ ਨਹੀਂ ਕਰ ਸਕਦੇ ਹਨ, ਇਹਨਾਂ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਬੱਚੇ ਸ਼ਾਮਲ ਹਨ ਜਿੰਨ੍ਹਾਂ ਨੂੰ ਪੜ੍ਹਾਉਣ ਲਈ ਸਕੂਲ ਵਿੱਚ ਵਾਪਸ ਆਉਣਾ ਪਿਆ ਹੈ।
- ਨਿਤਾਣੇ ਵਿਦਿਆਰਥੀ
- ਵਿਕਲਾਂਗਤਾ ਵਾਲੇ ਵਿਦਿਆਰਥੀ ਜੋ ਸਕੂਲ ਵਿੱਚ ਹਾਜ਼ਰ ਹੋਣ ਦੀ ਚੋਣ ਕਰਦੇ ਹਨ।

ਅਸੀਂ ਉਹੋ ਜਿਹੇ ਪ੍ਰਬੰਧਾਂ ਦੀ ਪਾਲਣਾ ਕਰਾਂਗੇ ਜੋ ਅਸੀਂ ਟਰਮ 2 ਦੇ ਦੌਰਾਨ ਦੂਰੋਂ ਬੈਠ ਕੇ ਅਤੇ ਲਚਕੀਲੀ ਪੜ੍ਹਾਈ ਲਈ ਕੀਤੇ ਸਨ।

ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਨ ਵਾਸਤੇ ਵਿਭਾਗ ਕੋਲ ਤੁਹਾਡੇ ਲਈ ਕਈ ਸਾਰੇ ਵਿਕਲਪ ਹਨ, ਇਹ *ਘਰੋਂ ਬੈਠ ਕੇ ਪੜ੍ਹਨ* (*Learning from Home)* ਦੀ ਵੈਬਸਾਈਟ education.vic.gov.au/homelearning ਉੱਤੇ ਉਪਲਬਧ ਹਨ।

ਕਰੋਨਾਵਾਇਰਸ (COVID-19) ਅਤੇ ਸਕੂਲਾਂ ਦੇ ਬਾਰੇ ਤਾਜ਼ਾ ਜਾਣਕਾਰੀ ਸਿੱਖਿਆ ਅਤੇ ਸਿਖਲਾਈ ਦੇ ਵਿਭਾਗ (Department of Education and Training) ਦੀ ਵੈਬਸਾਈਟ education.vic.gov.au/coronavirus ਉੱਤੇ ਹੈ।

ਵਿਕਟੋਰੀਆ ਦੇ ਮੁੱਖ ਸਿਹਤ ਅਫਸਰ ਨੇ ਪੁਸ਼ਟੀ ਕੀਤੀ ਹੈ ਕਿ ਬਾਲਗਾਂ ਜਾਂ ਬੱਚਿਆਂ ਦੁਆਰਾ ਮਾਸਕਾਂ ਜਾਂ ਚਿਹਰਾ ਢੱਕਣ ਵਾਲੇ ਕੱਪੜੇ ਦੀ ਵਰਤੋਂ ਇਸ ਸਮੇਂ ਸਕੂਲਾਂ ਵਿੱਚ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ। ਜਿਵੇਂ ਕਿ ਪਹਿਲਾਂ ਤੋਂ ਹੀ ਇਹ ਮਾਮਲਾ ਰਿਹਾ ਹੈ, ਜਿਹੜੇ ਵਿਦਿਆਰਥੀ ਸਕੂਲ ਦੇ ਵਿੱਚ ਜਾਂ ਸਕੂਲ ਨੂੰ ਆਉਂਦੇ ਜਾਂਦੇ ਸਮੇਂ ਮਾਸਕ ਪਹਿਨਣਾ ਚਾਹੁੰਦੇ ਹਨ, ਉਹ ਇਹ ਕਰ ਸਕਦੇ ਹਨ।

ਅਤੇ ਅਖੀਰ ਵਿੱਚ, ਯਾਦ ਦਿਵਾਉਣ ਵਾਲੀ ਗੱਲ ਕਿ ਜੇ ਤੁਸੀਂ, ਤੁਹਾਡਾ ਬੱਚਾ, ਜਾਂ ਪਰਿਵਾਰ ਦਾ ਜੀਅ ਬੁਖਾਰ, ਕੰਬਣੀ ਜਾਂ ਪਸੀਨਾ, ਖੰਘ, ਖਰਾਬ ਗਲਾ, ਸਾਹ ਲੈਣ ਵਿੱਚ ਔਖਿਆਈ, ਵਗਦਾ ਨੱਕ, ਸੁੰਘਣ ਅਤੇ ਸੁਆਦ ਦਾ ਗੁਆਚਣ ਦੇ ਲੱਛਣ ਵਿਕਸਤ ਕਰਦਾ ਹੈ, ਤੁਹਾਨੂੰ ਕਰੋਨਾਵਾਇਰਸ (COVID-19) ਜਾਂਚ ਕਰਨ ਵਾਲੀ ਜਗ੍ਹਾ ਉੱਤੇ ਜਾ ਕੇ ਟੈਸਟ ਕਰਵਾਉਣਾ ਅਤੇ ਘਰ ਰਹਿਣਾ ਚਾਹੀਦਾ ਹੈ।

ਸਾਡੇ ਸਕੂਲੀ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਇਹ ਜ਼ਰੂਰੀ ਤੌਰ ਤੇ ਮਹੱਤਵਪੂਰਣ ਹੈ।

ਜੇ ਤੁਸੀਂ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਵਿਭਾਗ (Department of Health and Human Services) ਤੋਂ ਸਿਹਤ ਜਾਣਕਾਰੀ ਲੈਣਾ ਚਾਹੁੰਦੇ ਹੋ, ਤੁਸੀਂ dhhs.vic.gov.au/coronavirus ਉੱਤੇ ਜਾ ਸਕਦੇ ਹੋ।